# ਸਰਕਾਰੀ ਖ਼ਜ਼ਾਨਾ ਲੁੱਟਣ ਦੀ  ਨਵੀਂ ਸਕੀਮ

ਹਿੰਦੁਸਤਾਨ ਦੀ ਕੇਂਦਰੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਇਹ ਮੁਲਕ ਦੇ 250 ਸ਼ਹਿਰਾਂ ਵਿਚ ਤਕਰੀਬਨ ਤਿੰਨ ਕਰੋੜ ਤੋਂ ਵੀ ਜ਼ਿਆਦਾ ਝੁੱਗੀ ਝੌਂਪੜੀ ਵਿਚ ਰਹਿਣ ਵਾਲਿਆਂ ਲਈ ਮਕਾਨ ਬਣਵਾਏਗੀ ਅਤੇ ਇਹ ਕੰਮ 2020 ਤਕ ਪੂਰਾ ਕਰ ਦੇਵੇਗੀ। ਇਸ ਬਾਰੇ ਇਤਲਾਹ ਦਿੰਦੇ ਹੋਏ ਵਜ਼ੀਰੇ ਦਾਖਲਾ ਚਿਦੰਬਰਮ ਨੇ ਕਿਹਾ ਕਿ ਇਸ ਕੰਮ ਲਈ ਸਾਰਾ ਪੈਸਾ ਸਰਕਾਰ ਲਾਏਗੀ ਤੇ ਇਸ ਪ੍ਰਜੈਕਟ ਦਾ ਇਕ ਹਿੱਸਾ ਸਰਕਾਰ ਵਲੋਂ ਇਸ ਲਈ ਕਰਜ਼ਿਆਂ ਦੀ ਗਰੰਟੀ ਦੀ ਸ਼ਕਲ ਵਿਚ ਹੋਵੇਗਾ।

ਸਰਕਾਰ ਨੇ ਪਛੜੀਆਂ ਹੋਈਆਂ ਜਾਤਾਂ ਦੇ ਉਨ੍ਹਾਂ ਵਿਦਿਆਰਥੀਆਂ ਨੂੰ, ਜਿਨ੍ਹਾਂ ਦੇ ਟੱਬਰਾਂ ਦੀ ਸਾਲਾਨਾ ਆਮਦਨ  ਲੱਖ ਤੋਂ ਲੈ ਕੇ ਦੋ ਲੱਖ ਰੁਪਏ ਹੈ, ਮੈਟ੍ਰਿਕ ਦੇ ਬਾਅਦ ਹੋਰ ਤਾਲੀਮ ਹਾਸਲ ਕਰਨ ਲਈ ਵਜ਼ੀਫੇ ਦੇਣ ਦਾ ਐਲਾਨ ਵੀ ਕੀਤਾ ਹੈ। ਜ਼ਾਹਿਰ ਹੈ ਕਿ  ਸਰਕਾਰ ਦੀ ਨਜ਼ਰ 2012 ਵਿਚ ਯੂ.ਪੀ ਅਤੇ ਹੋਰਨਾਂ ਸੂਬਿਆਂ ਵਿਚ ਚੋਣਾਂ ਅਤੇ ਸੰਨ 2014 ਵਿਚ ਪਾਰਲੀਮੈਂਟ ਦੀਆਂ ਚੋਣਾਂ ਤੇ ਹੈ ਤੇ ਸਰਕਾਰ ਵਲੋਂ ਇਹੋ ਜਿਹੀਆਂ ਸਕੀਮਾਂ ਦਾ ਐਲਾਨ  ਵੋਟਾਂ ਪੱਕੀਆਂ ਕਰਨ ਲਈ ਹੀ ਹੈ। ਮਨਮੋਹਨ ਸਿੰਘ ਦੀ ਕਾਂਗਰਸ ਸਰਕਾਰ ਬਾਰੇ ਆਮ ਲੋਕਾਂ ਦਾ ਇਹੋ ਖ਼ਿਆਲ ਹੈ ਕਿ ਪਿਛਲੇ ਸੱਤ ਸਾਲਾਂ ਵਿਚ ਇਸਨੇ ਅਮੀਰਾਂ ਦੀਆਂ ਜੇਬਾਂ ਭਰੀਆਂ ਹਨ ਅਤੇ ਘੁਟਾਲਿਆਂ ਦਾ ਬਾਜ਼ਾਰ ਗਰਮ ਹੋਇਆ ਹੈ। ਹਰ ਰੋਜ਼ ਕੋਈ ਨਾ ਕੋਈ ਨਵਾਂ ਘੁਟਾਲਾ ਸਾਮ੍ਹਣੇ ਆ ਜਾਂਦਾ ਹੈ ਜਿਸ ਵਿਚ ਸਰਕਾਰ ਦੇ ਮੰਤ੍ਰੀ ਤੇ ਅਫਸਰ ਦੋਹੀਂ ਹੱਥੀਂ ਜੇਬਾਂ ਭਰ ਰਹੇ ਹਨ। ਲੋਕ ਸੋਚਦੇ ਹਨ ਕਿ ਇਸ ਸਰਕਾਰ ਨੇ ਲੋਕਾਂ ਦੇ ਕੁਦਰਤੀ ਵਸੀਲੇ  ਜ਼ਮੀਨ, ਜੰਗਲ ਅਤੇ ਪਾਣੀ  ਕੌਡੀਆਂ ਦੇ ਭਾਅ ਅਮੀਰਾਂ ਨੂੰ ਵੇਚ ਦਿੱਤੇ ਹਨ। ਇਸ ਲਈ ਹੁਣ ਇਹ ਅਗਲੀਆਂ ਚੋਣਾਂ ਦੀ ਤਿਆਰੀ ਕਰ ਰਹੀ ਹੈ ਤੇ ਲੋਕਾਂ ਨੂੰ ਭੁਲੇਖੇ ਪਾਉਣ ਲਈ ਇਸ ਤਰ੍ਹਾਂ ਦੇ ਐਲਾਨ ਕਰ ਰਹੀ ਹੈ ਜਿਨ੍ਹਾਂ ਤੋਂ ਲੱਗੇ ਕਿ ਇਹ ਗਰੀਬਾਂ ਦੀ ਹਮਦਰਦ ਸਰਕਾਰ ਹੈ।

ਆਰਥਕ ਪੱਖੋਂ, ਇਸ ਸਕੀਮ ਤਹਿਤ ਬਾਰ ਫਿਰ ਸਰਕਾਰੀ ਖ਼ਜ਼ਾਨੇ ਦਾ ਅਰਬਾਂ ਰੁਪਿਆ ਬੇ ਘਰਾਂ ਲਈ ਘਰ ਬਣਾਉਣ ਦੇ ਨਾ ਹੇਠ  ਵੱਡੇ ਸਰਮਾਏਦਾਰਾਂ ਦੀਆਂ ਕੰਪਨੀਆਂ ਹੱਥ ਦੇ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਵੀ ਸਰਕਾਰੀ ਖ਼ਜ਼ਾਨੇ ਦੀ ਲੁੱਟ ਕਈ ਸਕੀਮਾਂ ਹੇਠ ਕੀਤੀ ਗਈ ਹੈ। ਪਿਛਲੇ ੬੦ ਸਾਲਾਂ ਵਿਚ ਗਰੀਬੀ ਹਟਾਉਣ ਲਈ, ਭੁੱਖ ਖ਼ਤਮ ਕਰਨ ਲਈ, ਲੋਕਾਂ ਨੂੰ ਪਾਣੀ, ਸਿਹਤ ਅਤੇ ਤਾਲੀਮ ਦੇਣ ਦੀਆਂ ਸਕੀਮਾਂ ਦੇ ਨਾਂ ਹੇਠ ਲੋਕਾਂ ਦੀ ਮਿਹਨਤ ਦੇ ਅਰਬਾਂ ਖਰਬਾਂ ਰੁਪਏ ਸਰਕਾਰੀ ਖ਼ਜ਼ਾਨੇ ਤੋਂ ਲੁੱਟੇ ਗਏ ਹਨ ਪਰ ਸਭ ਮਸਲੇ ਬਦ ਤੋਂ ਬਦਤਰ ਹੁੰਦੇ ਗਏ ਹਨ। ਵਜ਼ੀਰ, ਅਫਸਰ, ਸਰਮਾਏਦਾਰ ਤੇ ਲੀਡਰ ਲਾਣਾ, ਸਭ ਆਪਣੀਆਂ ਜੇਬਾਂ ਭਰ ਲੈਂਦੇ ਹਨ ਅਤੇ ਪ੍ਰਧਾਨ ਮੰਤ੍ਰੀ ਹੌਲੀ ਜੇਹੀ ਬਿਆਨ ਦੇ ਦਿੰਦਾ ਹੈ ਕਿ ਜੀ ਕੀ ਕਰੀਏ ਲੋਕਾਂ ਕੋਲ ਰੁਪਏ ਚੋਂ ਦਸ ਪੈਸੇ ਵੀ ਨਹੀਂ ਪਹੁੰਚਦੇ, ਐਨੀ ਕੁਰੱਪਸ਼ਨ ਹੈ ਕਿ ਜਿਸਦਾ ਕੋਈ ਹੱਦ ਹਿਸਾਬ ਨਹੀਂ। ਹਾਲ ਵਿਚ ਕਾਂਗਰਸ ਦੇ ਰਾਜਕੁਮਾਰ ਰਾਹੁਲ ਗਾਂਧੀ ਨੇ ਵੀ ਇਹੋ ਜਿਹੇ ਬਿਆਨ ਦਿੱਤੇ ਕਿ ਸਰਕਾਰ ਦੀਆਂ ਸਕੀਮਾਂ ਦਾ ਦਸ ਫੀ ਸਦੀ ਰੁਪਿਆ ਵੀ ਲੋਕਾਂ ਤਕ ਨਹੀਂ ਪਹੁੰਚਦਾ।

ਵੱਡੇ ਸਰਮਾਏਦਾਰਾਂ ਅਤੇ ਉੱਪਰਲਿਆਂ ਲਈ ਸਰਕਾਰੀ ਖ਼ਜ਼ਾਨੇ ਦੀ ਲੁੱਟ ਅੱਜ ਦੇ ਦੌਰ ਵਿਚ ਬਹੁਤ ਹੀ ਮੁਫ਼ੀਦ ਹੈ। ਇਸ ਨਾਲ ਉਹ ਬਗੈਰ ਕੁਝ ਕੀਤੇ ਕਰਾਏ ਆਪਣੀਆਂ ਜੇਬਾਂ ਵਿਚ ਹਰ ਸਾਲ ਅਰਬਾਂ ਖਰਬਾਂ ਰੁਪਿਆ ਪਾ ਲੈਂਦੇ ਹਨ। ਸਰਕਾਰ ਜਿਹੜਾ ਪੈਸਾ ਹੁਣ ਬੇ ਘਰਾਂ ਦੇ ਘਰਾਂ ਲਈ ਮਨਜ਼ੂਰ ਕਰੇਗੀ, ਪਹਿਲੀ ਗੱਲ ਤਾਂ ਇਹ ਕਿ ਇਹ ਪੈਸਾ ਵੱਡੀਆਂ ਕੰਪਨੀਆਂ ਕਿਸੇ ਹੋਰ ਕਾਰੋਬਾਰ ਵਿਚ ਲਾ ਕੇ ਮੁਨਾਫ਼ੇ ਕਮਾਉਣਗੀਆਂ। ਦੂਜਾ ਇਹ ਕਿ ਜਿਹੜੇ ਥੋੜੇ ਬਹੁਤ ਘਰ ਬਣਾਏ ਜਾਣਗੇ ਉਹ ਵੀ ਬਹੁਤ ਹੀ ਘਟੀਆ ਕਿਸਮ ਦੇ ਹੋਣਗੇ ਅਤੇ ਇਨ੍ਹਾਂ ਦੇ ਬਣਨ ਵਿਚ ਬਹੁਤ ਹੀ ਦੇਰ ਲਾਈ ਜਾਵੇਗੀ। ਸਰਮਾਏਦਾਰ, ਵਜ਼ੀਰ ਅਤੇ ਅਫਸਰ ਗੱਫੇ ਲਾਉਣਗੇ ਅਤੇ ਬਹੁਤੇ  ਝੁਗੀਆਂ ਝੌਂਪੜੀਆਂ ਵਾਲਿਆਂ ਨੂੰ ਉਨ੍ਹਾਂ ਦੀਆਂ ਝੌਂਪੜੀਆਂ ਤੋਂ ਵੀ ਹੱਥ ਧੋਣਾ ਪਵੇਗਾ ਕਿਉਂਕਿ ਕਾਗ਼ਜ਼ਾਂ ਵਿਚ ਉੱਥੇ ਪੱਕੇ ਮਕਾਨ ਹੋਣਗੇ। ਜ਼ਮੀਨ ਦਾ ਮਾਫੀਆ ਝੁੱਗੀ ਝੌਂਪੜੀਆਂ ਵਾਲੀ ਜ਼ਮੀਨ ਤੇ ਵੀ ਕਾਬਜ਼ ਹੋ ਜਾਵੇਗਾ। ਕਈ ਸ਼ਹਿਰਾਂ ਵਿਚ ਜਿਵੇਂ ਕਿ ਮੁੰਬਈ ਹੈ, ਝੁੱਗੀਆਂ ਝੌਂਪੜੀਆਂ ਸ਼ਹਿਰ ਦੇ ਐਨ ਵਿਚਕਾਰ ਹਨ ਜਿਥੇ ਜ਼ਮੀਨ ਦੀ ਕੀਮਤ ਬਹੁਤ ਹੀ ਵੱਧ ਗਈ ਹੈ। ਹੁਣ ਸਰਕਾਰ ਇਨ੍ਹਾਂ ਝੁੱਗੀ ਝੌਂਪੜੀਆਂ ਦਾ ਸਫਾਇਆ ਕਰਕੇ ਇਹ ਕੀਮਤੀ ਜ਼ਮੀਨ ਸਰਮਾਏਦਾਰਾਂ ਦੇ ਹਵਾਲੇ ਕਰ ਦੇਵੇਗੀ । ਪਹਿਲਾਂ ਵਾਂਗ ਹੁਣ ਵੀ ਸਰਕਾਰ ਇਹ ਕੰਮ ਵੀ ਲੋਕਾਂ ਦੀ ਭਲਾਈ ਹੇਠ ਹੀ ਕਰੇਗੀ। ਪਹਿਲਾਂ ਸਰਕਾਰ ਨੇ ਸ਼ਹਿਰਾਂ ਦੀ ਸਫ਼ਾਈ ਦੇ ਨਾਂਅ ਹੇਠ ਇਹ ਉਦਮ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਕਾਮਯਾਬ ਨਹੀਂ ਹੋਈ ਸੀ ਕਿਉਂਕਿ ਝੁੱਗੀ ਝੌਂਪੜੀ ਵਾਲਿਆਂ ਨੇ ਜ਼ਬਰਦਸਤ ਘੋਲ ਕਰਕੇ ਇਹ ਸਕੀਮ ਚਲਣ ਨਹੀਂ ਦਿੱਤੀ ਸੀ। ਹੁਣ ਸਰਕਾਰ ਇਸ ਨਵੀਂ ਸਕੀਮ ਤਹਿਤ ਇਕ ਪਾਸੇ ਤਾਂ ਅਰਬਾਂ ਖਰਬਾਂ ਰੁਪਿਆ ਸਰਮਾਏਦਾਰਾਂ ਦੇ ਹਵਾਲੇ ਕਰਨ ਤੇ ਦੂਜੇ ਪਾਸੇ ਉਨ੍ਹਾਂ ਨੂੰ ਸ਼ਹਿਰਾਂ ਵਿਚ ਬਹੁਤ ਹੀ ਕੀਮਤੀ ਜ਼ਮੀਨ ਮੁਫ਼ਤ ਦੇਣ ਦੀ ਵਿਧੀ ਬਣਾ ਰਹੀ ਹੈ।